# ਭਾ ਜੀ ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਤਾਕਤ

*ਡਾ. ਸਾਹਿਬ ਸਿੰਘ*

ਪੰਜਾਬੀ ਰੰਗਮੰਚ ਦੀ ਬਹੁਰੰਗੀ ਫੁਲਵਾੜੀ ਵਿਚ ਸਦੀਵੀ ਖੁਸ਼ਬੋ ਦੀ ਪਹਿਰੇਦਾਰੀ ਕਰਦਾ ਸੂਹਾ ਗੁਲਾਬ ਗੁਰਸ਼ਰਨ ਸਿੰਘ ਇਕ ਅਜਿਹੀ ਵਿਲੱਖਣ ਸ਼ਖ਼ਸੀਅਤ ਹੈ ਕਿ ਉਹਨਾਂ ਦੀ ਰਚਨਾ ਦਾ ਕੋਈ ਵੀ ਪੱਖ ਵਿਚਾਰਨ ਲੱਗਿਆਂ ਤੁਸੀਂ ਬਾਕੀ ਪੱਖ ਅਣਗੌਲੇ ਨਹੀਂ ਕਰ ਸਕਦੇ। ਆਮ ਸਥਿਤੀ ਵਿਚ ਕਿਸੇ ਨਾਟਕਕਾਰ ਦੀ ਨਾਟ ਰਚਨਾ ਦਾ ਮੁਲਾਂਕਣ ਕਰਨ ਲੱਗਿਆ ਤੁਸੀਂ ਪ੍ਰਾਪਤ ਰਚਨਾ ਨੂੰ ਵਿਭਿੰਨ ਕਸਵੱਟੀਆਂ 'ਤੇ ਪਰਖਦੇ ਹੋ ਪਰ ਭਾਅ ਜੀ ਦੇ ਸੰਬੰਧ ਵਿਚ ਅਜਿਹਾ ਕਰਨਾ ਨਾ ਤਾਂ ਮੁਨਾਸਿਬ ਹੈ ਅਤੇ ਨਾ ਹੀ ਵਾਜਬ ਹੈ, ਕਿਉਂਕਿ ਇਥੇ ਹਰ ਤੰਦ ਦੂਸਰੀਆਂ ਤੰਦਾਂ ਨਾਲ ਅਜਿਹੀ ਪੀਡੀ ਸਾਂਝ ਸਿਰਜ ਰਹੀ ਹੈ ਕਿ ਇਕ ਦਾ ਸਿਰਾ ਖੋਲ੍ਹੋਗੇ ਤਾਂ ਬਾਕੀ ਤੰਦਾਂ ਵੀ ਸਿਰ ਚੁੱਕ ਸਾਹਮਣੇ ਆ ਖੜ੍ਹਨਗੀਆਂ, ਜਿਵੇਂ ਚੁਣੌਤੀ ਦੇ ਰਹੀਆਂ ਹੋਣ ਕਿ ਹੈ ਹਿੰਮਤ ਤਾਂ ਨਿੱਤਰ ਮੈਦਾਨ 'ਚ ਤੇ ਕਰ ਨਿਰਣਾ ਕਿ ਸਾਡੀ ਸਾਂਝ ਦਾ ਰਾਜ ਕੀ ਹੈ ? ਮੈਂ ਇਸ ਮੈਦਾਨ ਦਾ ਇਕ ਅਦਨਾ ਜਿਹਾ ਖਿਡਾਰੀ ਕੋਈ ਵੀ ਨਿਰਣਾ ਦੇਣ ਦਾ ਦਮ ਨਹੀਂ ਭਰਦਾ ਪਰ ਇਸ ਸਿਪਾਹਸਲਾਰ ਦੀ ਫੌਜ ਦਾ ਸਿਪਾਹੀ ਹੋਣ ਕਰਕੇ ਕੋਸ਼ਿਸ਼ ਕਰਾਂਗਾ ਕਿ ਉਸ ਤਾਕਤ ਦਾ ਕੁਝ ਅੰਸ਼ ਤੁਹਾਡੇ ਤੱਕ ਪਹੁੰਚਾ ਸਕਾਂ।

ਭਾਅ ਜੀ ਦੇ ਨਾਟਕਾਂ ਦੀ ਸਭ ਤੋਂ ਵੱਡੀ ਤਾਕਤ ਹੈ ਉਹਨਾਂ ਵੱਲੋਂ ਪੇਸ਼ ਕੀਤਾ ਜਾਂਦਾ 'ਇੱਛਤ ਯਥਾਰਥਵਾਦ'। ਮੈਕਸਿਮ ਗੋਰਕੀ ਨੇ ਜਿਸਨੂੰ 'ਸਮਾਜਵਾਦੀ ਯਥਾਰਥਵਾਦ' ਦਾ ਨਾਂਅ ਦਿੱਤਾ ਸੀ ਉਸ ਨੂੰ ਭਾਅ ਜੀ ਆਪਣੇ ਨਾਟਕਾਂ ਵਿਚ ਬੜੇ ਕਾਰਗਰ ਹਥਿਆਰ ਵਾਂਗ ਇਸਤੇਮਾਲ ਕਰਦੇ ਹਨ। ਉਹ ਜਦੋਂ ਨਾਟਕ ਲਿਖਦੇ ਹਨ ਤਾਂ ਉਹਨਾਂ ਸਾਹਮਣੇ ਬਾਕੀ ਸਭ ਕੁਝ ਤੋਂ ਪਹਿਲਾਂ ਇਹ ਸਪਸ਼ਟ ਹੁੰਦਾ ਹੈ ਕਿ ਮੈਂ ਨਾਟਕ ਦੇ ਅੰਤ ਵਿਚ ਕੀ ਚਾਹੁੰਦਾ ਹਾਂ ? ਉਹ ਆਪਣੇ ਹਰ ਨਾਟਕ ਨੂੰ ਅਜਿਹੇ ਮੋੜ 'ਤੇ ਸਮਾਪਤ ਕਰਨਾ ਲੋਚਦੇ ਹਨ, ਜਿਸ ਮੋੜ 'ਤੇ ਨਾਟਕ ਵਿਚ ਪੇਸ਼ ਕੀਤਾ ਗਿਆ ਦਬਿਆ ਕੁਚਲਿਆ ਪਾਤਰ ਜਿੱਤ ਕੇ ਖੜ੍ਹਾ ਹੋਵੇ ਜਾਂ ਜਿੱਤ ਵੱਲ ਅਗਰਸਰ ਹੋ ਰਿਹਾ ਹੋਵੇ। ਉਹ ਯਥਾਰਥਵਾਦ ਨੂੰ ਉਸ ਅਵਸਥਾ ਵਿਚ ਪੇਸ਼ ਨਹੀਂ ਕਰਦੇ ਜਿਸ ਅਵਸਥਾ ਵਿਚ ਉਹ ਮੌਜੂਦ ਹੈ ਜਿਵੇਂ ਕਿ ਅੱਜ ਦਾ ਬਹੁ-ਗਿਣਤੀ ਕਹਾਣੀਕਾਰ ਪੇਸ਼ ਕਰਦਾ ਹੈ। ਅੱਜ ਦੀ ਲਗਭਗ ਹਰ ਦੂਜੀ ਕਹਾਣੀ ਕਰੂਰ ਯਥਾਰਥਵਾਦ ਨੂੰ ਪਕੜਦੀ-ਪਕੜਦੀ ਖ਼ੁਦ ਏਨੀ

ਕਰੂਰ ਹੋ ਜਾਂਦੀ ਹੈ ਕਿ ਪਾਠਕ ਅੱਚਵੀਂ ਮਹਿਸੂਸ ਕਰਦਾ ਹੈ, ਨਿਰਾਸ਼ਾ ਦੀ ਘੁੰਮਣਘੇਰੀ ਵਿਚ ਫਸਿਆ ਉਹ ਹਾਰਿਆ ਜਿਹਾ ਮਹਿਸੂਸ ਕਰਦਾ ਹੈ, ਸ਼ਾਇਦ ਇਸੇ ਲਈ ਇਹ ਕਹਾਣੀਆਂ ਹੁਣ ਜ਼ਿਆਦਾ ਕਰਕੇ ਸਿਰਫ ਆਲੋਚਕ ਪੜ੍ਹਦੇ ਤੇ ਵਿਚਾਰਦੇ ਹਨ। ਕਹਾਣੀ ਬਾਰੇ ਗੱਲ ਕਰਦਿਆਂ ਵਿਸ਼ੇ ਤੋਂ ਲਾਂਭੇ ਜਾਣ ਵਾਲਾ ਮਿਹਣਾ ਖੱਟਣ ਦੀ ਸਥਿਤੀ ਨੂੰ ਸਪਸ਼ਟ ਕਰਦਿਆਂ ਮੈਂ ਅਸਲ ਵਿਚ ਭਾਅ ਜੀ ਦੀ ਸਪਸ਼ਟ ਪਹੁੰਚ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਉਦਾਹਰਣ ਵਜੋਂ ਉਹਨਾਂ ਦਾ ਬਹੁਤ ਪ੍ਰਸਿੱਧ ਨਾਟਕ 'ਕੰਮੀਆਂ ਦਾ ਵਿਹੜਾ' ਵਿਚਾਰਿਆ ਜਾ ਸਕਦਾ ਹੈ। ਇਸ ਨਾਟਕ ਦਾ ਕੇਂਦਰੀ ਪਾਤਰ ਸੁੱਚਾ ਸਿੰਘ ਪਿੰਡ ਦਾ ਇਕ ਚੌਧਰੀ ਕਿਸਮ ਦਾ ਵਿਗੜਿਆ ਜਾਗੀਰਦਾਰ ਹੈ। ਭਾਅ ਜੀ ਅੰਤ ਵਿਚ ਉਸਦੇ ਗਲ ਵਿਚ ਜੁੱਤੀਆਂ ਦਾ ਹਾਰ ਪੁਆ ਦਿੰਦੇ ਹਨ ਤੇ ਇਹ ਜੁੱਤੀਆਂ ਦਾ ਹਾਰ ਦਲਿਤਾਂ ਹੱਥੋਂ ਪੁਆਇਆ ਜਾਂਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਇਹੋ ਜਿਹਾ ਕੁਝ ਅਕਸਰ ਨਹੀਂ ਵਾਪਰਦਾ, ਬਲਕਿ ਅਤਿਕਥਨੀ ਨਹੀਂ ਹੋਵੇਗੀ ਜੇ ਮੈਂ ਕਹਿ ਦਿਆਂ ਕਿ ਬਿਲਕੁਲ ਨਹੀਂ ਵਾਪਰਦਾ। ਪਰ ਭਾਅ ਜੀ ਦੀ ਸੋਚ ਹੈ ਕਿ ਲੋਕ ਇਹ ਮਹਿਸੂਸ ਕਰਨ ਲੱਗ ਪੈਣ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ। ਇਹ ਸੋਚ ਨਾਟਕ ਦੇ ਦਰਸ਼ਕਾਂ ਅੰਦਰ ਸੁੱਤੀ ਕਲਾ ਜਗਾਉਂਦੀ ਹੈ, ਵਿਸ਼ਵਾਸ ਭਰਦੀ ਹੈ ਅਤੇ ਲੋਕ ਸੰਗਰਾਮ ਨੂੰ ਪ੍ਰਚੰਡ ਕਰਦੀ ਹੈ। ਭਾਅ ਜੀ ਨਾਟਕ ਤੋਂ ਪਹਿਲਾਂ ਅਤੇ ਬਾਅਦ ਵਿਚ ਜੋ ਭਾਸ਼ਣ ਦਿੰਦੇ ਹਨ, ਉਹ ਅਛੋਪਲੇ ਹੀ ਨਾਟਕਾਂ ਦਾ ਹਿੱਸਾ ਵੀ ਬਣ ਜਾਂਦਾ ਹੈ ਅਤੇ ਤਾਕਤ ਵੀ। ਹੁਣ ਦਰਸ਼ਕ ਨੇ ਆਪਣਾ ਦਿਮਾਗ ਇਸ ਗੱਲ ਲਈ ਨਹੀਂ ਖਰਚਣਾ ਕਿ ਪੇਸ਼ ਕੀਤੇ ਪ੍ਰਤੀਕ ਦਾ ਮਤਲਬ ਕੀ ਹੈ ਬਲਕਿ ਉਸਨੇ ਇਕਦਮ ਨਾਟਕ ਦੇ ਵਿਸ਼ੇ ਨਾਲ ਜੁੜ ਜਾਣਾ ਹੈ ਅਤੇ ਨਾਟਕਕਾਰ ਵੱਲੋਂ ਵਿਅੰਗ ਰਾਹੀਂ ਕਹੀ ਜਾ ਰਹੀ ਗੱਲ ਨੂੰ ਗੰਭੀਰਤਾ ਅਤੇ ਆਸਾਨੀ ਨਾਲ ਪਕੜਦੇ ਜਾਣਾ ਹੈ। ਅਜਿਹਾ ਕਰਨ ਨਾਲ ਨਾਟਕ ਅਤੇ ਦਰਸ਼ਨ ਦੀ ਆਪਸੀ ਸਾਂਝ ਮਜ਼ਬੂਤ ਹੋ ਜਾਂਦੀ ਹੈ। ਮੈਂ ਜਾਣਦਾ ਹਾਂ ਕਿ ਕੋਈ ਟੇਢੀ ਨਜ਼ਰ ਵਾਲਾ ਆਲੋਚਕ ਇਸਨੂੰ ਨਾਟਕ ਦੀ ਕਮਜ਼ੋਰੀ ਦਾ ਨਾਂਅ ਦੇਵੇਗਾ ਪਰ ਇਮਾਨਦਾਰੀ ਵਾਲਾ ਨਜ਼ਰੀਆ ਇਹੀ ਕਹਿੰਦਾ ਹੈ ਕਿ ਭਾਅ ਜੀ ਗੁਰਸ਼ਰਨ ਸਿੰਘ ਦੀ ਤਾਕਤ ਨਾਪਣ ਲਈ ਪ੍ਰਚਲਿਤ ਮੀਟਰ ਕੰਮ ਨਹੀਂ ਆਉਣੇ।

ਭਾਅ ਜੀ ਦੇ ਨਾਟਕਾਂ ਦੀ ਤਾਕਤ ਦਾ ਦੂਜਾ ਰਾਜ਼ ਹੈ ਵਿਸ਼ੇ ਦੀ ਚੋਣ ਅਤੇ ਫਿਰ ਉਸ ਵਿਸ਼ੇ ਨੂੰ ਪੂਰੇ ਜ਼ੋਰ ਨਾਲ ਪੇਸ਼ ਕਰਨਾ। ਜ਼ੋਰ ਤੋਂ ਮੇਰਾ ਅਰਥ ਹੈ ਕਿ ਭਾਅ ਜੀ ਵਸਤੂ ਦੀ ਸੰਘਣਤਾ ਨੂੰ ਬਰਕਰਾਰ ਰੱਖਦੇ ਹਨ ਬਿਨਾਂ ਰੂਪ ਦੀ ਪ੍ਰਵਾਹ ਕੀਤਿਆਂ। ਉਹਨਾਂ ਦੇ ਦਿਮਾਗ ਵਿਚ ਭਾਰੂ ਪੱਖ ਇਹ ਹੁੰਦਾ ਹੈ ਕਿ ਕਿਸ ਨੇ ਕਹਿਣਾ ਹੈ ਤੇ ਕਿਸ ਨੂੰ ਕਹਿਣਾ ਹੈ ? ਸਾਡੇ ਬਹੁਤੇ ਨਾਟਕਕਾਰ 'ਕਿਵੇਂ ਕਹਿਣਾ ਹੈ' ਨੂੰ ਚਮਕਾਉਂਦਿਆਂ ਆਲੋਚਕ ਦੀ ਨਜ਼ਰ ਵਿਚ ਬਹੁਤ ਉੱਚੇ ਹੋ ਗਏ ਪਰ 'ਜਿਸਨੂੰ ਕਹਿਣਾ ਸੀ' ਉਸਤੋਂ ਦੂਰ ਹੁੰਦੇ ਗਏ। ਪਰ ਭਾਅ ਜੀ ਨੇ ਬਿਨਾਂ ਕਿਸੇ ਆਲੋਚਕ ਵੱਲ ਕੰਨ ਧਰਿਆਂ ਆਪਣਾ ਫੋਕਸ ਬਰਕਰਾਰ ਰੱਖਿਆ ਹੈ। ਉਹ ਨਾਟਕ ਲਿਖਦੇ ਸਮੇਂ ਆਪਣੀ ਵਿਚਾਰਧਾਰਾ ਨੂੰ ਬਹੁਤ ਪ੍ਰਬਲ ਤਰੀਕੇ

ਨਾਲ ਪੇਸ਼ ਕਰਦੇ ਹਨ, ਰੂਪਕ ਪੱਖ ਉਹ ਆਪਣੀ ਲੋੜ ਮੁਤਾਬਕ ਸਿਰਜ ਲੈਂਦੇ ਹਨ, ਪਰੰਪਰਕ ਚੌਖਟੇ ਨੂੰ ਤੋੜਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਉਹਨਾਂ ਨੂੰ ਚੰਦ ਕੁ ਤਕਨੀਕੀ ਲੋਕਾਂ ਦੀ ਨਾਰਾਜ਼ਗੀ ਮਨਜ਼ੂਰ ਹੈ, ਪਰ ਲੋਕਾਂ ਦੀ ਬੇਮੁਖਤਾ ਗਵਾਰਾ ਨਹੀਂ। ਇਸ ਦੀਆਂ ਸੈਂਕੜੇ ਉਦਾਹਰਣਾਂ ਦੇ ਕੇ ਇਹ ਗੱਲ ਸਮਝਾਈ ਜਾ ਸਕਦੀ ਹੈ ਕਿ ਆਪਣੇ ਵਿਸ਼ਾ-ਵਸਤੂ ਅਤੇ ਕੇਂਦਰੀ ਨੁਕਤੇ 'ਤੇ ਕੇਂਦਰਿਤ ਰਹਿਣ ਦਾ ਮੀਰੀ ਗੁਣ ਭਾਅ ਜੀ ਦੇ ਨਾਟਕਾਂ ਦੀ ਵੱਡੀ ਤਾਕਤ ਹੈ।

ਤੀਸਰਾ ਮਹੱਤਵਪੂਰਨ ਪੱਖ ਹੈ ਭਾਅ ਜੀ ਦੇ ਨਾਟਕਾਂ ਵਿਚ ਪੇਸ਼ ਕੀਤਾ ਜਾਂਦਾ ਵਿਅੰਗ। ਕੋਈ ਵੀ ਨਾਟਕ ਦੇਖ ਲਉ ਵਿਅੰਗ ਦੀ ਭਰਵੀਂ ਵਰਤੋਂ ਨਾਟਕ ਨੂੰ ਸਜੀਵ ਬਣਾਈ ਰੱਖਦੀ ਹੈ। ਅਜਿਹਾ ਅਚੇਤ ਨਹੀਂ ਹੋਇਆ, ਬਲਕਿ ਭਾਅ ਜੀ ਦੀ ਸੋਚੀ ਸਮਝੀ ਵਿਉਂਤ ਕਾਰਨ ਵਾਪਰਿਆ ਹੈ। ਉਹ ਜਾਣਦੇ ਹਨ ਕਿ ਨਾਟਕ ਕਿੱਥੇ ਖੇਡਿਆ ਜਾਣਾ ਹੈ ਅਤੇ ਇਹ ਵੀ ਜਾਣਦੇ ਹਨ ਕਿ ਪਿੰਡਾਂ ਦੇ ਲੋਕਾਂ ਦੇ ਜੀਵਨ-ਵਿਵਹਾਰ ਵਿਚ ਟਿਚਕਰ ਅਤੇ ਵਿਅੰਗ ਦਾ ਮਹੱਤਵ ਬਹੁਤ ਜ਼ਿਆਦਾ ਹੈ। ਇਸੇ ਲਈ ਹਰ ਨਾਟਕ ਵਿਚ ਟਿਚਕਰ ਰਾਹੀਂ ਦਿਲਚਸਪ ਸੰਵਾਦ ਸਿਰਜਣਾ ਉਹਨਾਂ ਦੀ ਨਾਟ-ਕਲਾ ਦਾ ਪ੍ਰਮੁੱਖ ਲੱਛਣ ਰਿਹਾ ਹੈ। ਇਸ ਤਰ੍ਹਾਂ ਉਹ ਨਾਟਕ ਨੂੰ ਬੋਝਲ ਹੋਣ ਤੋਂ ਬਚਾਈ ਰੱਖਦੇ ਹਨ ਅਤੇ ਦਰਸ਼ਕ ਨੂੰ ਬਾਹਲਾ ਕੜ੍ਹਿਆ ਦੁੱਧ ਪਿਲਾਉਣ ਤੋਂ ਗੁਰੇਜ਼ ਕਰਦੇ ਹਨ।

ਭਾਅ ਜੀ ਦੇ ਨਾਟਕਾਂ ਵਿਚ ਸੰਵਾਦਾਂ ਦੀ ਰਵਾਨਗੀ ਉਹਨਾਂ ਦੇ ਨਾਟਕਾਂ ਦੀ ਤਾਕਤ ਦਾ ਇਕ ਹੋਰ ਮਹਤਵਪੂਰਨ ਪਹਿਲੂ ਹੈ। ਇਕ ਪਾਤਰ ਦੇ ਮੂੰਹੋਂ ਨਿਕਲਿਆ ਸੰਵਾਦ ਦੂਜੇ ਪਾਤਰ ਦੇ ਸੰਵਾਦ ਲਈ ਪਲੇਟਫਾਰਮ ਬਣ ਜਾਂਦਾ ਹੈ ਅਤੇ ਅੱਗੇ ਤੋਂ ਅੱਗੇ ਲੜੀ ਤੁਰੀ ਜਾਂਦੀ ਹੈ। ਦਰਸ਼ਕ ਨਾਟਕ ਨਾਲ ਨਿਰੰਤਰ ਜੁੜਿਆ ਰਹਿੰਦਾ ਹੈ ਅਤੇ ਇਹ ਰਵਾਨਗੀ ਨਾਟਕ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਤੀਖਣ ਬਣਾਈ ਰੱਖਦੀ ਹੈ। ਭਾਅ ਜੀ ਆਪਣੇ ਨਾਟਕਾਂ ਵਿਚ ਨਾ ਤਾਂ ਐਕਸ਼ਨ ਨੂੰ ਬਹੁਤਾ ਮਹੱਤਵ ਦਿੰਦੇ ਹਨ ਅਤੇ ਨਾ ਹੀ ਪਾਤਰਾਂ ਦੀ ਗਤੀ (ਮੂਵਮੈਂਟ) ਨੂੰ, ਬਲਕਿ ਉਹਨਾਂ ਦੇ ਸੰਵਾਦਾਂ ਵਿਚ ਇਕ ਵਿਲੱਖਣ ਕਿਸਮ ਦੀ ਮੂਵਮੈਂਟ ਹੁੰਦੀ ਹੈ, ਜੋ ਨਾਟਕ ਦੀ ਬਿਰਤਾਂਤਕ ਸ਼ੈਲੀ ਨੂੰ ਦਿਲਚਸਪ ਬਣਾਈ ਰੱਖਦੀ ਹੈ। ਇਕ ਐਕਟਰ ਦੇ ਤੌਰ 'ਤੇ ਮੈਂ ਇਹ ਵੀ ਦੱਸ ਦਿਆਂ ਕਿ ਅਜਿਹੀ ਰਵਾਨਗੀ ਐਕਟਰ ਲਈ ਵੀ ਬਹੁਤ ਲਾਹੇਵੰਦ ਹੈ, ਕਿਉਂਕਿ ਸੰਵਾਦ ਯਾਦ ਕਰਨੇ ਵੀ ਬਹੁਤ ਸੌਖੇ ਹੋ ਜਾਂਦੇ ਹਨ ਅਤੇ ਪੇਸ਼ਕਾਰੀ ਵੇਲੇ ਵੀ ਬਹੁਤਾ ਔਖੇ ਭਾਰੇ ਨਹੀਂ ਹੋਣਾ ਪੈਂਦਾ।

ਭਾਅ ਜੀ ਦੇ ਨਾਟਕਾਂ ਵਿਚ ਇਕ ਬੜਾ ਧਿਆਨ ਦੇਣ ਵਾਲਾ ਪਹਿਲੂ ਹੈ ਕਿ ਉਹ ਆਮ ਤੌਰ ਉੱਤੇ ਕੋਈ ਗੌਣ ਪਾਤਰ ਨਹੀਂ ਸਿਰਜਦੇ ਜਿਵੇਂ ਕਿ ਅਕਸਰ ਪਾਤਰਾਂ ਦੀਆਂ ਦੋ ਸ਼੍ਰੇਣੀਆਂ ਬਣਾਈਆਂ ਜਾਂਦੀਆਂ ਹਨ, ਪ੍ਰਮੁੱਖ ਪਾਤਰ ਅਤੇ ਗੌਣ ਪਾਤਰ। ਇਹ ਗੌਣ ਪਾਤਰ ਕਈ ਵਾਰ ਚੰਗੇ ਭਲੇ ਨਾਟਕ ਦਾ ਬੇੜਾ ਗਰਕ ਕਰ ਦਿੰਦੇ ਹਨ। ਭਾਅ ਜੀ ਇਹ ਖ਼ਿਆਲ ਰੱਖਦੇ ਹਨ ਕਿ ਅਜਿਹਾ ਕੋਈ ਪਾਤਰ ਨਾ ਸਿਰਜਿਆ ਜਾਵੇ, ਜੋ ਨਾਟਕ ਦਾ ਗ੍ਰਾਫ ਥੱਲੇ ਸੁੱਟ ਦੇਵੇ ਤੇ ਦਰਸ਼ਕ ਅਜਿਹੇ ਪਾਤਰ ਨਾਲ ਆਪਣੇ ਆਪ ਨੂੰ ਨਾ ਜੋੜ

ਪਾਣ ਅਤੇ ਉਹਨਾਂ ਦੀ ਪਕੜ ਕਮਜ਼ੋਰ ਪੈ ਜਾਵੇ। ਇਹ ਗੁਣ ਭਾਅ ਜੀ ਨੇ ਆਪਣੇ ਰੰਗਮੰਚੀ ਤਜ਼ਰਬੇ ਵਿਚੋਂ ਪੈਦਾ ਕੀਤਾ ਹੈ। ਉਹ ਕਿਸੇ ਵੱਡੇ ਤੋਂ ਵੱਡੇ ਨਾਵਲ ਜਾਂ ਨਾਟਕ ਨੂੰ ਰੂਪਾਂਤਰਿਤ ਕਰਦਿਆਂ ਵੀ ਅਜਿਹੇ ਗੌਣ ਪਾਤਰ ਛਾਂਗ ਦਿੰਦੇ ਹਨ।

ਅਜਿਹੇ ਬਹੁਤ ਸਾਰੇ ਹੋਰ ਪੱਖ ਹਨ ਜੋ ਭਾਅ ਜੀ ਦੇ ਨਾਟਕਾਂ ਦੀ ਤਾਕਤ ਬਣਦੇ ਹਨ ਪਰ ਇਕ ਪੱਖ ਜੋ ਮੇਰੀ ਜਾਚੇ ਇਹਨਾਂ ਸਭਨਾਂ ਤੋਂ ਉੱਪਰ ਹੈ, ਉਹ ਹੈ ਬਜ਼ਾਤੇ ਖ਼ੁਦ ਭਾਅ ਜੀ ਗੁਰਸ਼ਰਨ ਸਿੰਘ। ਆਪਣੀ ਅਣਥੱਕ ਮਿਹਨਤ, ਵਿਚਾਰਧਾਰਕ ਪ੍ਰਪੱਕਤਾ, ਨਿਰੰਤਰਤਾ, ਲੋਕ-ਪੱਖੀ ਰਵੱਈਏ, ਬੇਦਾਗ਼ ਸ਼ਖਸੀਅਤ ਅਤੇ ਚੁੰਬਕੀ ਵਿਅਕਤਿਤਵ ਕਾਰਨ ਆਮ ਲੋਕਾਂ ਦੇ ਮਨਾਂ ਅੰਦਰ ਉਹਨਾਂ ਲਈ ਅਥਾਹ ਇੱਜ਼ਤ ਪੈਦਾ ਹੋ ਗਈ ਹੈ। ਲੋਕੀਂ ਭਾਅ ਜੀ ਨੂੰ ਪਿਆਰ ਕਰਦੇ ਹਨ ਜਿੰਨਾ ਫ਼ਿਲਮੀ ਦੁਨੀਆ ਵਿਚ ਅਮਿਤਾਭ ਬਚਨ ਨੂੰ ਸਿਨੇ ਪ੍ਰੇਮੀਆਂ ਵੱਲੋਂ ਮਿਲਿਆ ਹੈ।

ਅੰਤ ਵਿਚ ਮੈਂ ਆਪਣੀ ਇਸ ਚਰਚਾ ਨੂੰ ਸਮੇਟਦਿਆਂ ਸਿਰਫ਼ ਇਹੀ ਕਹਿਣਾ ਚਾਹਾਂਗਾ ਕਿ ਭਾਅ ਜੀ ਗੁਰਸ਼ਰਨ ਸਿੰਘ ਪੰਜਾਬੀ ਨਾਟਕ ਦਾ ਕੱਲ੍ਹ, ਅੱਜ ਅਤੇ ਭਲਕ ਹੈ। ਜਦੋਂ ਤੱਕ ਪੰਜਾਬੀ ਨਾਟਕ ਲਿਖਿਆ ਅਤੇ ਖੇਡਿਆ ਜਾਂਦਾ ਰਹੇਗਾ, ਭਾਅ ਜੀ ਗੁਰਸ਼ਰਨ ਸਿੰਘ ਦੀ ਵਿਲੱਖਣ ਦੇਣ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਰਹੇਗਾ। ਪੰਜਾਬੀ ਨਾਟਕ ਅਤੇ ਰੰਗਮੰਚ ਦੇ ਇਸ ਸੂਹੇ ਫੁੱਲ ਨੂੰ ਆਪਣਾ ਪੂਰਾ ਤਾਣ ਲਾ ਕੇ ਸਲਾਮ!